# ਲੱਗਭਗ 75 ਦਿਨਾਂ ਲਈ ਸੁਝਾਈਆਂ ਗਈਆਂ ਗਤੀਵਿਧੀਆਂ( 12 ਹਫ਼ਤੇ)

## ਪਹਿਲਾ ਹਫ਼ਤਾ

ਥੀਮ-ਵਾਤਾਵਰਣ/ਕੁਦਰਤ

1. ਸਕੂਲ ਕੈਂਪਸ ਦੇ ਆਲੇ-ਦੁਆਲੇ /ਕਿਸੇ ਨੇੜਲੇ ਬਗੀਚੇ/ਬੋਟੈਨੀਕਲ ਪਾਰਕ/ ਮੈਦਾਨ/ਜੰਗਲ ਆਦਿ ਪ੍ਰਕ੍ਰਿਤੀ ਵਿੱਚ ਸੈਰ ਕਰੋ। ਵਿਦਿਆਰਥੀਆਂ ਨੂੰ ਵੱਖ-ਵੱਖ ਪੌਦਿਆਂ/ਝਾੜੀਆਂ/ਰੁੱਖਾਂ/ਫ਼ਸਲਾਂ ਨੂੰ ਦੇਖਣ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਇਨ੍ਹਾਂ ਬਾਰੇ ਇੱਕ ਦੂਜੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹਨ।

2. ਵਿਦਿਆਰਥੀਆਂ ਨੂੰ ਪੂਰੇ ਸਕੂਲ ਕੈਂਪਸ ਦਾ ਦੌਰਾ ਕਰਨ , ਉੱਥੇ ਮੌ ਜੂਦ ਬਨਸਪਤੀ ਅਤੇ ਜੀਵ-ਜੰਤੂਆਂ ਦੀ ਪਛਾਣ ਕਰਨ ਅਤੇ ਵੱਖ-ਵੱਖ ਭਾਸ਼ਾਵਾਂ ਵਿੱਚ ਉਨ੍ਹਾਂ ਦੇ ਨਾਮ ਲੱਭਣ ਲਈ ਕਿਹਾ ਜਾਵੇਗਾ। ਉਨ੍ਹਾਂ ਵੱਲੋਂ ਲੇਬਲਿੰਗ ਵੀ ਕੀਤੀ ਜਾ ਸਕਦੀ ਹੈ। ਇਹ ਗਤੀਵਿਧੀ ਤਸਵੀਰਾਂ ਦਿਖਾ ਕੇ ਵੀ ਕਰਵਾਈ ਜਾ ਸਕਦੀ ਹੈ।

3. ਵਿਦਿਆਰਥੀਆਂ ਨੂੰ ਸਕੂਲ ਆਉਂਦੇ ਸਮੇਂ ਜਾਂ ਕਿਸੇ ਵੀ ਮਕਸਦ ਲਈ ਇੱਧਰ-ਉੱਧਰ ਜਾਂਦੇ ਸਮੇਂ ਡਿੱਗੇ ਹੋਏ ਪੱਤੇ ਚੁੱਕਣ ਲਈ ਕਿਹਾ ਜਾ ਸਕਦਾ ਹੈ।ਉਹਨਾਂ ਨੂੰ ਇੱਕ ਐਲਬਮ ਤਿਆਰ ਕਰਨ ਲਈ ਕਿਹਾ ਜਾ ਸਕਦਾ ਹੈ ਅਤੇ ਅਧਿਆਪਕਾਂ, ਮਾਪਿਆਂ ਅਤੇ ਬਗੀਚੇ ਦੇ ਮਾਹਿਰਾਂ ਤੋਂ ਵੱਖ-ਵੱਖ ਭਾਸ਼ਾਵਾਂ ਵਿੱਚ ਇਹਨਾਂ ਪੱਤਿਆਂ ਦੇ ਨਾਮ ਜਾਣਨ ਲਈ ਕਿਹਾ ਜਾ ਸਕਦਾ ਹੈ।

4. ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਲਈ ਸੰਕੇਤਕ ਭਾਸ਼ਾ ਦੀ ਵਰਤੋਂ ਕਰਨ ਲਈ ਵੀ ਪ੍ਰੇਰਿਤ ਕੀਤਾ ਜਾ ਸਕਦਾ ਹੈ। ਜੜੀ-ਬੂਟੀਆਂ ਦੀ ਪਛਾਣ ਅਤੇ ਇਹਨਾਂ ਪੌਦਿਆਂ ਦੇ ਗੁਣਾਂ ਬਾਰੇ ਗੱਲਬਾਤ ਵੱਖ-ਵੱਖ ਭਾਸ਼ਾਵਾਂ ਵਿੱਚ ਸਾਂਝੀ ਕੀਤੀ ਜਾ ਸਕਦੀ ਹੈ। ਜੇ ਇਹ ਪੌਦੇ ਸਕੂਲ ਦੇ ਅਹਾਤੇ ਵਿੱਚ ਉਪਲੱਬਧ ਹੋਣ ਤਾਂ ਇਨ੍ਹਾਂ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਲੇਬਲਿੰਗ ਵੀ ਕੀਤੀ ਜਾ ਸਕਦੀ ਹੈ।

5. ਇੱਕ ਕਹਾਣੀਕਾਰ/ਸਮਾਜਿਕ ਵਿਅਕਤੀ/ਮਾਪਿਆਂ ਨੂੰ ਕਿਸੇ ਖਾਸ ਖੇਤਰ ਲਈ ਵਿਸ਼ੇਸ਼ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਮੌਸਮਾਂ, ਖੇਤਰ ਦੇ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਕਹਾਣੀ ਦੱਸਣ ਲਈ ਸਕੂਲ ਵਿੱਚ ਬੁਲਾਇਆ ਜਾ ਸਕਦਾ ਹੈ।

6. ਸਕੂਲ ਵਿੱਚ ਵਰਤੀਆਂ ਜਾ ਰਹੀਆਂ ਭਾਰਤੀ ਭਾਸ਼ਾਵਾਂ ਵਿੱਚ ਪ੍ਰਤੀਯੋਗਿਤਾ ਦਾ ਆਯੋਜਨ ਕਰਨਾ।

7. ਭਿੰਨ-ਭਿੰਨ ਜੰਗਲੀ ਜੀਵ ਸੁਰੱਖਿਆ ਪ੍ਰੋਜੈਕਟਾਂ ਦੇ ਵੀਡੀਓ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹਨ,ਜੋ ਵਿਦਿਆਰਥੀਆਂ ਨੂੰ ਦਿਖਾਏ ਜਾ ਸਕਦੇ ਹਨ। ਇਹ ਸ਼ਲਾਘਾਯੋਗ ਹੋਵੇਗਾ ਜੇਕਰ ਵਿਦਿਆਰਥੀਆਂ ਨੂੰ ਉਹ ਵੀਡੀਓ/ਡਾਕੂਮੈਂਟਰੀ ਅਣਜਾਣ ਭਾਸ਼ਾ ਵਿੱਚ ਦਿਖਾਈ ਜਾਵੇਗੀ ਅਤੇ ਉਹਨਾਂ ਨੂੰ ਸਮੱਗਰੀ ਦਾ ਅਨੁਮਾਨ ਲਗਾਉਣ ਲਈ ਕਿਹਾ ਜਾਵੇਗਾ।

8. ਵਿਦਿਆਰਥੀ ਵੱਖ-ਵੱਖ ਵਾਤਾਵਰਣ ਅਨੁਕੂਲ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ ਜਿਵੇਂ ਕਿ ਖਾਦ ਬਣਾਉਣਾ, ਰਹਿੰਦ-ਖੂੰਹਦ ਨੂੰ ਘਟਾਉਣਾ ਜਿੱਥੇ ਮਾਹਿਰ ਵੱਖ-ਵੱਖ ਭਾਸ਼ਾਵਾਂ ਵਿੱਚ ਪ੍ਰਕਿਰਿਆ ਦਾ ਪ੍ਰਦਰਸ਼ਨ ਕਰਨਗੇ।

9. ਬੁਲੇਟਿਨ ਬੋਰਡਾਂ 'ਤੇ ਜਾਣੀ-ਪਛਾਣੀ ਅਤੇ ਅਣਜਾਣ ਭਾਸ਼ਾਵਾਂ ਵਿੱਚ ਸਥਾਨਕ ਵਾਤਾਵਰਣ ਪ੍ਰਣਾਲੀ ਦੇ ਵਰਣਨ ਦੀ ਪੇਸ਼ਕਾਰੀ ਕਰਨੀ।

## ਦੂਜਾ ਹਫ਼ਤਾ

ਸਾਹਿਤ

1. ਕਿਸੇ ਹੋਰ ਭਾਸ਼ਾ ਤੋਂ ਬਾਅਦ ਜਾਣੀ-ਪਛਾਣੀ ਭਾਸ਼ਾਵਾਂ ਵਿੱਚ ਕਹਾਣੀਆਂ ਦਾ ਵਰਣਨ ਕਰਨਾ। ਕੋਡ-ਮਿਕਸਿੰਗ ਅਤੇ ਕੋਡ ਸਵਿਚਿੰਗ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
2. ਲੇਖਕ ਨਾਲ ਮੁਲਾਕਾਤਾਂ : ਵਿਦਿਆਰਥੀਆਂ ਨਾਲ ਗੱਲਬਾਤ ਕਰਨ ਲਈ ਸਥਾਨਕ ਲੇਖਕਾਂ ਨੂੰ ਸੱਦਾ ਦਿਓ ਜੋ ਸੂਬੇ ਦੀ ਭਾਸ਼ਾ ਵਿੱਚ ਲਿਖਦੇ ਹਨ। ਉਹ ਆਪਣੇ ਤਜ਼ਰਬੇ ਸਾਂਝੇ ਕਰ ਸਕਦੇ ਹਨ, ਆਪਣੀਆਂ ਕਿਤਾਬਾਂ ਦੇ ਅੰਸ਼ ਪੜ੍ਹ ਸਕਦੇ ਹਨ, ਅਤੇ ਪ੍ਰਸ਼ਨ-ਉੱਤਰ ਸੱਤਰਾਂ ਵਿੱਚ ਸ਼ਾਮਲ ਹੋ ਸਕਦੇ ਹਨ।
3. ਵੱਖ-ਵੱਖ ਭਾਸ਼ਾਵਾਂ ਵਿੱਚ ਜਾਣੇ-ਪਛਾਣੇ ਅਤੇ ਅਣਜਾਣ ਸ਼ਬਦਾਂ/ ਕਹਾਵਤਾਂ ਨੂੰ ਲਿਖਣਾ।
4. ਵੱਖ-ਵੱਖ ਭਾਸ਼ਾਵਾਂ ਵਿੱਚ ਕਵਿਤਾਵਾਂ ਦਾ ਪਾਠ ਕਰਨਾ।
5. ਵਿਦਿਆਰਥੀਆਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਕਹਾਣੀਆਂ ਪੇਸ਼ ਕਰਨ ਲਈ ਕਿਹਾ ਜਾਵੇਗਾ।
6. ਸੂਬੇ ਦੀ ਸਾਹਿਤਕ ਵਿਰਾਸਤ ਨਾਲ ਸਬੰਧਤ ਸਥਾਨਕ ਲਾਇਬ੍ਰੇਰੀਆਂ, ਅਜਾਇਬ ਘਰਾਂ ਜਾਂ ਇਤਿਹਾਸਕ ਸਥਾਨਾਂ ਦੀਆਂ ਯਾਤਰਾਵਾਂ ਦਾ ਪ੍ਰਬੰਧ ਕੀਤਾ ਜਾਵੇ। ਵਿਦਿਆਰਥੀਆਂ ਨੂੰ ਆਪਣਾ ਅਨੁਭਵ ਲਿਖਣ ਲਈ ਕਿਹਾ ਜਾਵੇ।
7. ਵੱਖ-ਵੱਖ ਭਾਸ਼ਾਵਾਂ ਵਿੱਚ ਭਾਵਨਾਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਨਾ।
8. ਅਨੁਵਾਦਿਨੀ ਦੀ ਵਰਤੋਂ ਕਰਦੇ ਹੋਏ ਚਿੱਠੀਆਂ/ਕਹਾਣੀਆਂ ਨੂੰ ਲਿਖਣਾ ਅਤੇ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ: ਵੌਇਸ ਐਂਡ ਡੌਕੂਮੈਂਟਰੀ ਅਨੁਵਾਦ ਟੂਲ (ਆਵਾਜ਼ ਅਤੇ ਦਸਤਾਵੇਜ਼: AI ਅਨੁਵਾਦ ਸਾਧਨ) (https://anuvadini.aicte-india.org) ਏ.ਆਈ.ਸੀ.ਟੀ.ਈ. ਦੁਆਰਾ ਵਿਕਸਤ ਕੀਤਾ ਗਿਆ ਹੈ।
9. ਸਹਿਪਾਠੀਆਂ, ਅਧਿਆਪਕਾਂ, ਦੋਸਤਾਂ ਅਤੇ ਗੁਆਂਢੀਆਂ ਨਾਲ ਵੱਖ-ਵੱਖ ਭਾਸ਼ਾਵਾਂ ਦੀਆਂ ਕਿਤਾਬਾਂ ਦਾ ਆਦਾਨ-ਪ੍ਰਦਾਨ ਕਰਨਾ।
10. ਸ਼ਬਦ ਅੰਤਾਕਸ਼ਰੀ-ਇਹ ਇੱਕ ਵਿਦਿਆਰਥੀ ਨੂੰ ਉਸ ਦੇ ਆਲੇ-ਦੁਆਲੇ ਤੋਂ ਕੋਈ ਵੀ ਸ਼ਬਦ ਜਾਣੀ-ਪਛਾਣੀ ਭਾਸ਼ਾ ਵਿੱਚ ਬੋਲਣ ਲਈ ਕਹਿ ਕੇ ਖੇਡਿਆ ਜਾ ਸਕਦਾ ਹੈ ਅਤੇ ਦੂਜੇ ਵਿਦਿਆਰਥੀ ਉਸ ਵਿਸ਼ੇਸ਼ ਸ਼ਬਦ ਨੂੰ ਕਿਸੇ ਵੱਖਰੀ ਭਾਸ਼ਾ ਵਿੱਚ ਦੱਸਣਗੇ।
11. ਅਧਿਆਪਕ ਰਾਜ ਭਾਸ਼ਾ ਵਿੱਚ ਇੱਕ ਪ੍ਰਸਿੱਧ ਕਹਾਣੀ/ਕਵਿਤਾ/ਨਾਟਕ ਦੀ ਚੋਣ ਕਰ ਸਕਦਾ ਹੈ ਅਤੇ ਇਸਨੂੰ ਆਵਾਜ਼ ਦੇ ਸੰਚਾਲਨ ਅਤੇ ਸਮੀਕਰਨ ਨਾਲ ਉੱਚੀ ਆਵਾਜ਼ ਵਿੱਚ ਪੜ੍ਹ ਸਕਦਾ ਹੈ। ਇੱਕੋ ਕਹਾਣੀ/ਕਵਿਤਾ/ਨਾਟਕ ਦਾ ਅਨੁਵਾਦ ਵੱਖ-ਵੱਖ ਭਾਸ਼ਾਵਾਂ ਵਿੱਚ ਪੜ੍ਹਿਆ ਜਾਵੇਗਾ। ਜੇਕਰ ਸੰਭਵ ਹੋਵੇ ਤਾਂ ਅਨੁਵਾਦ ਦੇ ਨਾਲ-ਨਾਲ ਅਣਜਾਣ ਭਾਰਤੀ ਭਾਸ਼ਾ ਦੀ ਲਿਪੀ ਵੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ।

## ਤੀਜਾ ਹਫ਼ਤਾ

ਪਕਵਾਨ

1. ਇੱਕ ਬਾਜ਼ਾਰ ਸਥਾਪਤ ਕੀਤਾ ਜਾ ਸਕਦਾ ਹੈ ਅਤੇ ਮਸਾਲੇ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਉਹਨਾਂ ਦੇ ਨਾਵਾਂ ਦੇ ਨਾਲ ਪ੍ਰਦਰਸ਼ਿਤ ਕੀਤੇ ਜਾ ਸਕਦੇ ਹਨ।
    - ਮਸਾਲਿਆਂ ਦੀਆਂ ਤਸਵੀਰਾਂ ਵੀ ਵਰਤੀਆਂ ਜਾ ਸਕਦੀਆਂ ਹਨ।

- ਮਸਾਲਿਆਂ ਦੇ ਨਾਂਅ  3-4 ਭਾਰਤੀ ਭਾਸ਼ਾਵਾਂ ਵਿੱਚ ਹੋ ਸਕਦੇ ਹਨ।
- ਸੀਨੀਅਰ ਵਿਦਿਆਰਥੀਆਂ ਨੂੰ ਮਸਾਲਿਆਂ ਦੇ ਵਿਗਿਆਨਕ ਨਾਵਾਂ ਬਾਰੇ ਵੀ ਦੱਸਿਆ ਜਾ ਸਕਦਾ ਹੈ।
- ਪਿਛਲੀ ਗਤੀਵਿਧੀ ਵਿੱਚ ਦੱਸੇ ਅਨੁਸਾਰ ਦਾਲਾਂ, ਅਨਾਜ, ਬਾਜਰੇ ਆਦਿ ਲਈ ਬਾਜ਼ਾਰ ਸਥਾਪਤ ਕੀਤਾ ਜਾ ਸਕਦਾ ਹੈ।

2. ਅਧਿਆਪਕ ਵਿਦਿਆਰਥੀਆਂ ਨੂੰ ਵੱਖ-ਵੱਖ ਰਾਜਾਂ ਦੇ ਪਕਵਾਨਾਂ ਬਾਰੇ ਦਿਖਾਉਣ/ਬੋਲਣ ਲਈ ਕਹਿ ਸਕਦਾ ਹੈ।

3. ਭਾਰਤੀ ਰਸੋਈਆਂ ਵਿੱਚ ਕਈ ਤਰ੍ਹਾਂ ਦੇ ਭਾਂਡੇ ਵਰਤੇ ਜਾਂਦੇ ਹਨ ਅਤੇ ਉਹਨਾਂ ਦੀ ਸ਼ਕਲ, ਸਮੱਗਰੀ ਜਿਸ ਤੋਂ ਉਹ ਬਣੇ ਹੁੰਦੇ ਹਨ, ਅਤੇ ਉਪਯੋਗਤਾ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਵੱਖਰੀ ਹੁੰਦੀ ਹੈ। ਅਧਿਆਪਕ ਵਿਦਿਆਰਥੀਆਂ ਨੂੰ ਇਹ ਵੀ ਸਮਝਾ ਸਕਦਾ ਹੈ।

4.ਭਾਰਤੀ ਰਸੋਈਆਂ ਵਿੱਚ ਵੱਖ-ਵੱਖ ਰਸੋਈ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਭੁੰਨਣ, ਪਕਾਉਣ, ਭਾਫ਼ ਚ ਬਣਾਉਣ, ਤਲ਼ਣ ਅਤੇ ਹੋਰ ਬਹੁਤ ਸਾਰੇ  ਵੱਖੋ-ਵੱਖਰੇ ਤਰੀਕ਼ੇ ਹੁੰਦੇ ਹਨ। ਵਿਦਿਆਰਥੀਆਂ ਨੂੰ ਘੱਟੋ-ਘੱਟ 2-3 ਵੱਖ-ਵੱਖ ਭਾਸ਼ਾਵਾਂ ਵਿੱਚ ਇਨ੍ਹਾਂ ਰਸੋਈ ਤਕਨੀਕਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਕਿਹਾ ਜਾਵੇਗਾ।

5.ਅਮੀਰ ਸੱਭਿਆਚਾਰਕ ਵਿਰਾਸਤ ਜੋ ਵੱਖ-ਵੱਖ ਰਾਜਾਂ ਦਾ ਇੱਕ ਅਨਿੱਖੜਵਾਂ ਅੰਗ ਹੈ, ਵਿੱਚ ਖਾਣਾ ਪਕਾਉਣ, ਪਰੋਸਣ ਅਤੇ ਖਾਣਾ ਖਾਣ ਨਾਲ ਜੁੜੇ ਕੁਝ ਅਜੀਬ ਰੀਤੀ-ਰਿਵਾਜ ਵੀ ਹਨ। ਅਜਿਹੇ ਕੁਝ ਰੀਤੀ-ਰਿਵਾਜ ਸਿਰਫ਼ ਤਿਉਹਾਰਾਂ ਜਾਂ ਹੋਰ ਵਿਸ਼ੇਸ਼ ਮੌਕਿਆਂ ਦੌਰਾਨ ਹੀ ਅਪਣਾਏ ਜਾਂਦੇ ਹਨ। ਅਧਿਆਪਕ ਇਹਨਾਂ ਅਜੀਬ ਰੀਤੀ-ਰਿਵਾਜਾਂ ਤੇ ਚਰਚਾ ਸ਼ੁਰੂ ਕਰੇਗਾ। ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਵੰਡਿਆ ਜਾਵੇਗਾ ਅਤੇ ਫਿਰ ਇਹਨਾਂ ਰੀਤੀ-ਰਿਵਾਜਾਂ ਬਾਰੇ ਉਸ ਵਿਸ਼ੇਸ਼ ਰਾਜ ਦੀ ਭਾਸ਼ਾ ਵਿੱਚ ਗੱਲ ਕਰਨਗੇ, ਜਿਸ ਨਾਲ ਇਹ ਰਿਵਾਜ ਸੰਬੰਧਿਤਹਨ ।

6. ਵਿਦਿਆਰਥੀਆਂ ਨੂੰ ਜੀਵਨਸ਼ੈਲੀ ਵਿੱਚ ਤਬਦੀਲੀ ਕਾਰਨ ਪਕਵਾਨਾਂ ਸਬੰਧਤ ਸ਼ਬਦਾਵਲੀ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਆਪਣੇ ਦਾਦਾ-ਦਾਦੀ ਅਤੇ ਆਸਪਾਸ ਦੇ ਸੀਨੀਅਰ ਨਾਗਰਿਕਾਂ ਦੇ ਦ੍ਰਿਸ਼ਟੀਕੋਣ ਨੂੰ ਜਾਣਨ ਲਈ ਕਿਹਾ ਜਾ ਸਕਦਾ ਹੈ।

## ਚੌਥਾ ਹਫ਼ਤਾ

ਆਪਣੇ ਆਲੇ-ਦੁਆਲੇ ਨੂੰ ਜਾਣਨਾ

ਅੰਤਰ-ਅਨੁਸ਼ਾਸਨੀ ਗਤੀਵਿਧੀਆਂ

1. ਵਿਦਿਆਰਥੀਆਂ ਨੂੰ ਉਹਨਾਂ ਦੇ ਖੇਤਰ ਦੇ ਵੱਖ-ਵੱਖ ਮਹੱਤਵਪੂਰਨ ਸਥਾਨਾਂ/ਇਮਾਰਤਾਂ ਦੀ ਪਛਾਣ ਕਰਨ ਅਤੇ ਉਹਨਾਂ ਦੇ ਇਤਿਹਾਸਕ ਪਿਛੋਕੜ ਬਾਰੇ ਸਮਾਜ ਦੇ ਲੋਕਾਂ ਤੋਂ ਜਾਣਨ ਲਈ ਕਿਹਾ ਜਾ ਸਕਦਾ ਹੈ ਅਤੇ ਫਿਰ ਉਹਨਾਂ ਨੂੰ ਜੋ ਵੀ ਕਿਹਾ ਗਿਆ ਹੈ ਉਹ ਘੱਟੋ-ਘੱਟ ਦੋ ਭਾਸ਼ਾਵਾਂ ਵਿੱਚ ਲਿਖਣ ਲਈ ਕਿਹਾ ਜਾ ਸਕਦਾ ਹੈ। ਬਾਅਦ ਵਿੱਚ ਸਾਰੇ ਵਿਦਿਆਰਥੀਆਂ ਲਈ ਸਥਾਨਕ ਇਤਿਹਾਸ ਸੁਣਾਇਆ ਜਾ ਸਕਦਾ ਹੈ।
2. ਵਿਦਿਆਰਥੀਆਂ ਨੂੰ ਇਮਾਰਤ ਦੀ ਵਾਸਤੁਕਲਾ, ਸਮੱਗਰੀ ਆਦਿ ਦਾ ਨਿਰੀਖਣ ਕਰਨ ਲਈ ਸਮਾਰਕਾਂ, ਇਤਿਹਾਸਕ ਤੌਰ 'ਤੇ ਮਹੱਤਵਪੂਰਨ ਇਮਾਰਤਾਂ 'ਤੇ ਲਿਜਾਇਆ ਜਾ ਸਕਦਾ ਹੈ ਅਤੇ ਉਸ ਵਿਸ਼ੇਸ਼ ਖੇਤਰ ਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਆਪਣੇ ਸਹਿਪਾਠੀਆਂ ਅਤੇ ਸਥਾਨਕ ਲੋਕਾਂ ਨਾਲ ਇਸ ਬਾਰੇ ਗੱਲਬਾਤ ਕੀਤੀ ਜਾ ਸਕਦੀ ਹੈ।
3. ਵਿਦਿਆਰਥੀਆਂ ਲਈ ਜਨਤਕ  ਲਾਇਬ੍ਰੇਰੀਆਂ ਦਾ ਦੌਰਾ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਵੱਖ-ਵੱਖ ਕਿਤਾਬਾਂ/ਅਖਬਾਰਾਂ/ਰਸਾਲੇ/ ਹੱਥ ਲਿਖਤਾਂ ਵੀ  ਦਿਖਾਈਆਂ ਜਾ ਸਕਦੀਆਂ ਹਨ। ਅਧਿਆਪਕ ਵੱਖ-ਵੱਖ ਸੰਸਥਾਵਾਂ ਰਾਹੀਂ ਇਹਨਾਂ ਕਿਤਾਬਾਂ ਦਾ ਪ੍ਰਬੰਧ ਵੀ ਕਰ ਸਕਦਾ ਹੈ।

4. ਸੀਨੀਅਰ ਵਿਦਿਆਰਥੀਆਂ ਦੁਆਰਾ ਆਂਢ-ਗੁਆਂਢ ਦਾ ਸਰਵੇਖਣ ਕੀਤਾ ਜਾ ਸਕਦਾ ਹੈ। ਵਿਦਿਆਰਥੀ ਹੇਠਾਂ ਦਿੱਤੇ ਮਾਪਦੰਡਾਂ ਦੇ ਆਧਾਰ ਤੇ ਜਾਣਕਾਰੀ ਇਕੱਤਰ ਕਰਨਗੇ।

- ਪਰਿਵਾਰ ਦੇ ਮੈਂਬਰਾਂ ਦੁਆਰਾ ਬੋਲੀਆਂ ਜਾਂਦੀਆਂ ਭਾਸ਼ਾਵਾਂ।
- ਪਿਛਲੇ 25 ਸਾਲਾਂ ਵਿੱਚ ਸ਼ਬਦਾਵਲੀ ਚ ਜੋੜੇ ਗਏ ਨਵੇਂ ਸ਼ਬਦ।

## ਪੰਜਵਾਂ ਹਫ਼ਤਾ

### ਮੇਰਾ ਸਕੂਲ

1. ਇੱਕ ਦੇਸ਼ ਭਗਤੀ ਦਾ ਗੀਤ/ਪ੍ਰਾਰਥਨਾ/ਮੁੱਲ ਅਧਾਰਤ ਗੀਤ ਕਿਸੇ ਵੱਖਰੀ ਭਾਰਤੀ ਭਾਸ਼ਾ ਵਿੱਚ ਤਿਆਰ ਕੀਤਾ ਜਾ ਸਕਦਾ ਹੈ। ਇਸ ਨੂੰ ਸਕੂਲ ਵਿੱਚ ਸਵੇਰ ਦੀ ਸਭਾ ਵਿੱਚ ਗਾਇਆ/ਪੜ੍ਹਿਆ ਜਾ ਸਕਦਾ ਹੈ।
2. ਅਸੈਂਬਲੀ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਆਦੇਸ਼ ਦਿੱਤੇ ਜਾਂਦੇ ਹਨ। ਇਹ ਹੁਕਮ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਦਿੱਤੇ ਜਾ ਸਕਦੇ ਹਨ। ਇੱਕ ਪੂਰਵ-ਗਤੀਵਿਧੀ ਅਭਿਆਸ ਵਜੋਂ, ਵਿਦਿਆਰਥੀਆਂ ਨੂੰ ਅਸੈਂਬਲੀ ਤੋਂ ਇੱਕ ਦਿਨ ਪਹਿਲਾਂ ਇਹਨਾਂ ਆਦੇਸ਼ਾਂ ਬਾਰੇ ਸੂਚਿਤ ਕੀਤਾ ਜਾ ਸਕਦਾ ਹੈ।
3. ਸਕੂਲ ਦੇ ਵੱਖ-ਵੱਖ ਹਿੱਸਿਆਂ ਨੂੰ ਆਮ ਤੌਰ 'ਤੇ ਜ਼ਿਆਦਾਤਰ ਸਕੂਲਾਂ ਵਿੱਚ ਇੱਕ ਭਾਸ਼ਾ ਵਿੱਚ ਨਿਸ਼ਾਨਬੱਧ ਕੀਤਾ ਜਾਂਦਾ ਹੈ। ਇਹਨਾਂ ਹਿੱਸਿਆਂ ਨੂੰ 2-3 ਵੱਖ-ਵੱਖ ਭਾਸ਼ਾਵਾਂ ਵਿੱਚ ਨਿਸ਼ਾਨਬੱਧ/ਲੇਬਲ ਕੀਤਾ ਜਾਵੇ।
4. ਸਕੂਲਾਂ ਵਿੱਚ ਡਿਸਪਲੇ ਬੋਰਡ ਸੰਚਾਰ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹਨ। ਇਨ੍ਹਾਂ ਬੋਰਡਾਂ ਉੱਤੇ ਜੋ ਜਾਣਕਾਰੀ ਦਿੱਤੀ ਜਾਂਦੀ ਹੈ ਉਹ ਡਿਸਪਲੇ ਬੋਰਡ ਦੇ ਦੂਜੇ ਅੱਧ ਵਿੱਚ ਕਿਸੇ ਹੋਰ ਭਾਰਤੀ ਭਾਸ਼ਾ ਵਿੱਚ ਅਨੁਵਾਦ ਕੀਤੀ ਜਾ ਸਕਦੀ ਹੈ।
5. ਹਰ ਸਵੇਰ, ਵਿਦਿਆਰਥੀਆਂ ਨੂੰ ਇੱਕ ਚੁਣੀ ਹੋਈ ਭਾਰਤੀ ਭਾਸ਼ਾ ਵਿੱਚ ਦੂਜਿਆਂ ਨੂੰ ਸਵਾਗਤ ਭਾਸ਼ਣ ਤਿਆਰ ਕਰਨ ਲਈ ਕਿਹਾ ਜਾ ਸਕਦਾ ਹੈ। ਕੁਝ ਵਾਕ ਜੋ ਕਿਸੇ ਵੀ ਗੱਲਬਾਤ ਦਾ ਸ਼ੁਰੂਆਤੀ ਹਿੱਸਾ ਬਣਦੇ ਹਨ, ਨੂੰ ਵੀ ਜੋੜਿਆ ਜਾ ਸਕਦਾ ਹੈ।
6. ਇੱਕ ਸਹੁੰ ਆਮ ਤੌਰ 'ਤੇ ਇੱਕ ਵਿਦਿਆਰਥੀ ਦੁਆਰਾ ਸਕੂਲ, ਸਕੂਲ ਕਲੱਬ, ਵਿਦਿਆਰਥੀ ਕੌਂਸਲ, ਹਾਊਸ ਨੁਮਾਇੰਦੇ ਆਦਿ ਦੇ ਹਿੱਸੇ ਵਜੋਂ ਲਈ ਜਾਂਦੀ ਹੈ। ਇਹ ਸੰਕਲਪ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਲਿਆ ਜਾ ਸਕਦਾ ਹੈ।
7. ਸਕੂਲ ਦੇ ਲੋਗੋ ਵਿੱਚ ਆਮ ਤੌਰ 'ਤੇ ਇੱਕ ਉਪਰੀ ਲਾਈਨ ਹੁੰਦੀ ਹੈ। ਇਸ ਟੈਗ ਲਾਈਨ ਦਾ 2-3 ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਜਾ ਸਕਦਾ ਹੈ।
8. ਸਕੂਲ ਵਿਦਿਆਰਥੀਆਂ ਨੂੰ ਨਿਯਮਾਂ ਅਤੇ ਅਧਿਨਿਯਮਾਂ ਬਾਰੇ ਸੂਚਿਤ ਕਰਦਾ ਹੈ, ਕੀ ਕਰਨਾ ਹੈ ਅਤੇ ਕੀ ਨਹੀਂ, ਇਹਨਾਂ ਦਾ ਵੀ ਵੱਖ-ਵੱਖ ਭਾਰਤੀ ਭਾਸ਼ਾਵਾਂ (ਘੱਟੋ-ਘੱਟ 1-2) ਵਿੱਚ ਅਨੁਵਾਦ ਕੀਤਾ ਜਾ ਸਕਦਾ ਹੈ।
9. ਹਫਤੇ ਦੇ ਇੱਕ ਦਿਨ ਨੂੰ "ਭਾਰਤੀ ਮਾਣ ਦਿਵਸ " ਵਜੋਂ ਨਾਮਜ਼ਦ ਕੀਤਾ ਜਾ ਸਕਦਾ ਹੈ ਅਤੇ ਵਿਦਿਆਰਥੀਆਂ ਨੂੰ ਭਾਰਤੀ ਨਸਲੀ ਪਹਿਰਾਵੇ ਪਹਿਨ ਕੇ ਆਉਣ ਅਤੇ ਉਸ ਪਹਿਰਾਵੇ ਨਾਲ ਜੁੜੀ ਭਾਸ਼ਾ ਵਿੱਚ ਬੋਲਣ ਲਈ ਕਿਹਾ ਜਾ ਸਕਦਾ ਹੈ।
10. "ਭਾਸ਼ਾ ਸੰਗਮ' ਇੱਕ ਅਜਿਹੀ ਕਿਤਾਬ ਹੈ ਜੋ ਬਹੁਭਾਸ਼ਾਵਾਦ ਨੂੰ ਉਤਸ਼ਾਹਤ ਕਰਦੀ ਹੈ। ਬੱਚਿਆਂ ਨੂੰ ਇਸ ਕਿਤਾਬ ਚੋਂ ਘੱਟੋ ਘੱਟ ਪੰਜ ਵਾਕ ਸਿੱਖਣ ਲਈ ਕਿਹਾ ਜਾ ਸਕਦਾ ਹੈ।

11. ਵਿਦਿਆਰਥੀਆਂ ਨੂੰ ਕਮਰਿਆਂ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਛੋਟੀਆਂ/ਸੰਖੇਪ ਘੋਸ਼ਣਾਵਾਂ ਕਰਨ ਲਈ ਉਤਸ਼ਾਹਤ ਕੀਤਾ ਜਾ ਸਕਦਾ ਹੈ। ਅਧਿਆਪਕ ਇਸ ਮਕਸਦ ਲਈ ਗਰੁੱਪ ਬਣਾ ਸਕਦਾ ਹੈ ਅਤੇ ਹਰੇਕ ਗਰੁੱਪ ਨੂੰ ਵੱਖਰੀ ਭਾਸ਼ਾ ਦੇ ਸਕਦਾ ਹੈ।
12. ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਵੰਡਿਆ ਜਾਵੇਗਾ ਅਤੇ ਕਿਸੇ ਵਿਸ਼ੇਸ਼ ਭਾਸ਼ਾ ਵਿੱਚ ਮਸ਼ਹੂਰ ਕਿਤਾਬਾਂ ਬਾਰੇ ਨਾਮ ਅਤੇ ਹੋਰ ਜਾਣਕਾਰੀ ਇਕੱਤਰ ਕਰਨ ਲਈ ਕਿਹਾ ਜਾਵੇਗਾ। ਫਿਰ, ਪਿਛਾ ਕਰਦੇ ਹੋਏ ਅਭਿਆਸ ਵਜੋਂ, ਉਹ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਮਸ਼ਹੂਰ ਕਿਤਾਬਾਂ ਲਈ ਇੱਕ ਸੂਚੀ ਤਿਆਰ ਕਰਨਗੇ। ਉਹ ਸਾਹਿਤ ਅਕਾਦਮੀ ਦੀ ਵੈੱਬਸਾਈਟ ਨੂੰ ਖੰਗਾਲ ਸਕਦੇ ਹਨ।
13. ਸਿਰਲੇਖ ਕਵਰ ਪੇਜ ਅਤੇ ਕਿਤਾਬ ਦੀ ਸਮੀਖਿਆ ਸਕੂਲ ਲਾਇਬ੍ਰੇਰੀ ਵਿੱਚ ਇੱਕ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤੀ ਜਾ ਸਕਦੀ ਹੈ।

## ਛੇਵਾਂ ਹਫ਼ਤਾ

ਮੁੱਲ

1. ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ (ਨਮਸਤੇ, ਸ਼ੁਭ ਰਾਤਰੀ ਆਦਿ)ਸਿੱਖਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਘੱਟੋ-ਘੱਟ ਹੋਰ ਭਾਸ਼ਾਵਾਂ ਵਿੱਚ ਜੋ ਉਹ ਪਹਿਲਾਂ ਤੋਂ ਜਾਣਦੇ ਹਨ।
2. ਇੱਕ ਨਾਗਰਿਕ ਦੇ ਅਧਿਕਾਰ ਅਤੇ ਕਰਤੱਵਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਲਿਖਿਆ ਜਾ ਸਕਦਾ ਹੈ ਅਤੇ ਬੁਲੇਟਿਨ ਬੋਰਡ ਜਾਂ ਸਕੂਲ ਦੇ ਕਿਸੇ ਹੋਰ ਉਚਿਤ ਖੇਤਰ ਵਿੱਚ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।
3. ਵਿਦਿਆਰਥੀਆਂ ਨੂੰ ਸਕੂਲ ਦੇ ਆਚਾਰ ਸੰਹਿਤਾ, ਕਾਯਦੇ ਅਤੇ ਨਿਯਮਾਂ ਅਤੇ ਸਕੂਲ ਵਿੱਚ ਹੋਣ ਵਾਲੇ ਵੱਖ-ਵੱਖ ਸਮਾਗਮਾਂ ਬਾਰੇ ਦੋ ਵੱਖ-ਵੱਖ ਭਾਸ਼ਾਵਾਂ ਵਿੱਚ ਬਣਾਉਣ ਲਈ ਕਿਹਾ ਜਾ ਸਕਦਾ ਹੈ। ਵਿਦਿਆਰਥੀ ਇਹ ਨਿਯਮ ਪੂਰੇ ਸਕੂਲ ਨੂੰ ਪੜ੍ਹ ਕੇ ਸੁਣਾਉਣਗੇ।
4. ਵਿਦਿਆਰਥੀਆਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਵੱਖ-ਵੱਖ ਕਦਰਾਂ ਕੀਮਤਾਂ (ਸਮੇਂ ਦੀ ਪਾਲਣਾ, ਅਨੁਸ਼ਾਸਨ, ਲਗਨ, ਦਿਆਲਤਾ, ਸਹਿਣਸ਼ੀਲਤਾ ਆਦਿ) ਲਈ ਸ਼ਬਦ ਲੱਭਣ ਲਈ ਕਿਹਾ ਜਾ ਸਕਦਾ ਹੈ, ਅਤੇ ਗੱਲਬਾਤ ਵਿੱਚ ਬੋਲਣਾ ਵੀ ਸਿਖਿਆ ਜਾ ਸਕਦਾ ਹੈ।
5. ਸਾਰੇ ਵਿਦਿਆਰਥੀਆਂ ਨੂੰ ਮਸ਼ਹੂਰ ਸ਼ਖਸੀਅਤਾਂ ਦੇ ਵੱਖ-ਵੱਖ ਮੁੱਲ ਅਧਾਰਤ ਬਿਆਨਾਂ ਨੂੰ ਸੰਕਲਿਤ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਲਿਖਣ ਲਈ ਕਿਹਾ ਜਾ ਸਕਦਾ ਹੈ।
6. ਮੁੱਲ ਅਧਾਰਤ ਕਹਾਣੀਆਂ/ਕਵਿਤਾਵਾਂ/ਲੋਕ ਕਹਾਣੀਆਂ ਸੁਣਾਈਆਂ ਗਈਆਂ, ਨਾਟਕ/ਗੀਤ ਵਿਦਿਆਰਥੀਆਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਦਿਖਾਏ ਅਤੇ ਗਾਏ ਜਾਣ।
7. ਮੁੱਲ ਅਧਾਰਤ ਸਕ੍ਰਿਪਟਾਂ ਦੇ ਵੀਡੀਓਜ਼ ਵਿਦਿਆਰਥੀਆਂ ਨੂੰ ਇੱਕ ਵੱਖਰੀ ਭਾਰਤੀ ਭਾਸ਼ਾ ਵਿੱਚ ਕੈਪਸ਼ਨ ਦੇ ਨਾਲ ਦਿਖਾਏ ਜਾ ਸਕਦੇ ਹਨ।

## ਸੱਤਵਾਂ ਹਫ਼ਤਾ

ਅੰਕ ਅਤੇ ਗਣਿਤ

1. ਬੱਚਿਆਂ ਨੂੰ ਆਪਣੀਆਂ ਪਾਠ ਪੁਸਤਕਾਂ ਵਿੱਚੋਂ ਪੰਜ ਸਵਾਲ /ਸਮੱਸਿਆਵਾਂ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਹੋ।
2. ਵੱਖ-ਵੱਖ ਭਾਸ਼ਾਵਾਂ ਵਿੱਚ ਖੇਡਾਂ ਅਤੇ ਪਹੇਲੀਆਂ ਲਿਖਣ ਲਈ ਕਿਹਾ ਜਾ ਸਕਦਾ ਹੈ।
3. ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਨੰਬਰ ਨਾਮ ਲਿਖਣੇ।
4. ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਗਣਿਤ ਦੇ ਸ਼ਬਦ ਲਿਖਣੇ।

## ਅੱਠਵਾਂ ਅਤੇ ਨੌਂਵਾਂ ਹਫ਼ਤਾ

ਆਪਣੀ ਪ੍ਰਤਿਭਾ ਦਿਖਾਓ

1. ਭਾਰਤ ਦੇ ਜ਼ਿਆਦਾਤਰ ਰਾਜਾਂ ਵਿੱਚ ਇੱਕ ਰਵਾਇਤੀ ਪਹਿਰਾਵਾ ਹੈ। ਅਧਿਆਪਕ ਕਲਾਸ ਨੂੰ ਸਮੂਹਾਂ ਵਿੱਚ ਵੰਡੇਗਾ ਅਤੇ ਹਰੇਕ ਸਮੂਹ ਨੂੰ ਭਾਰਤ ਦਾ ਰਾਜ ਨਾਮਜ਼ਦ ਕੀਤਾ ਜਾਵੇਗਾ। ਵਿਦਿਆਰਥੀ ਉਸ ਰਾਜ ਦੇ ਰਵਾਇਤੀ ਪਹਿਰਾਵੇ ਵਿੱਚ ਸਕੂਲ ਆਉਣ ਦੀ ਕੋਸ਼ਿਸ਼ ਕਰਨਗੇ ਅਤੇ ਉਹ ਉਸ ਰਾਜ ਵਿੱਚ ਬੋਲੀ ਜਾਣੇ ਵਾਲੀ ਭਾਸ਼ਾ ਵਿੱਚ ਪਹਿਰਾਵੇ ਦਾ ਵਰਣਨ ਕਰਨਗੇ।
2. ਵਿਦਿਆਰਥੀਆਂ ਨੂੰ ਮੋਲਡਿੰਗ ਮਿੱਟੀ ਪ੍ਰਦਾਨ ਕੀਤੀ ਜਾਵੇਗੀ ਅਤੇ ਉਹ ਅਧਿਆਪਕ ਦੁਆਰਾ ਨਿਰਧਾਰਤ ਕਿਸੇ ਵਿਸ਼ੇਸ਼ ਰਾਜ ਦੇ ਰਵਾਇਤੀ ਗਹਿਣੇ ਜਾਂ ਮਾਸਕ ਤਿਆਰ ਕਰਨਗੇ। ਵਿਦਿਆਰਥੀ ਇਹਨਾਂ ਗਹਿਣਿਆਂ ਅਤੇ ਮਾਸਕਾਂ ਨੂੰ ਪ੍ਰਦਰਸ਼ਿਤ ਕਰਨਗੇ ਅਤੇ ਇਨ੍ਹਾਂ ਚੀਜ਼ਾਂ ਦੀ ਪਰੰਪਰਾ, ਸਭਿਆਚਾਰ ਅਤੇ ਇਤਿਹਾਸ ਨੂੰ ਉਸ ਰਾਜ ਵਿੱਚ ਮੁੱਖ ਤੌਰ ਤੇ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਸਮਝਾਉਣਗੇ।
3. ਵਿਦਿਆਰਥੀਆਂ ਨੂੰ ਕਵਿਤਾ ਲਿਖਣ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਫਿਰ ਇਸਨੂੰ ਸਕੂਲ / ਅਧਿਆਪਕ ਦੁਆਰਾ ਚੁਣੀ ਗਈ 'ਦਿਨ ਦੀ ਭਾਸ਼ਾ' ਵਿੱਚ ਅਨੁਵਾਦ ਕੀਤਾ ਜਾਵੇਗਾ। ਜੇ ਉਹ ਲਾਇਬ੍ਰੇਰੀ ਵਿੱਚ ਉਪਲਬਧ ਹਨ ਤਾਂ ਉਨ੍ਹਾਂ ਨੂੰ ਟੇਕਨੋਲੋਜੀ ਦੀ ਮਦਦ ਨਾਲ ਅਨੁਵਾਦ ਸਾਧਨਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।
4. ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਵੰਡਿਆ ਜਾਵੇਗਾ ਅਤੇ ਕਿਸੇ ਖਾਸ ਰਾਜ ਦਾ ਇਤਿਹਾਸਕ ਮਹੱਤਵ/ਨਦੀ/ਝੀਲ/ਜੰਗਲੀ ਜੀਵ ਅਸਥਾਨ/ਰਾਸ਼ਟਰੀ ਪਾਰਕ ਦਾ ਨਿਸ਼ਾਨਾ/ਇਮਾਰਤ ਚੁਣਨ ਲਈ ਉਤਸ਼ਾਹਤ ਕੀਤਾ ਜਾਵੇਗਾ। ਉਹ ਇਨ੍ਹਾਂ ਭੂਮੀ ਚਿਨ੍ਹਾਂ ਦੀਆਂ ਤਸਵੀਰਾਂ ਇਕਤਰ ਕਰਨਗੇ/ਖਿੱਚਣਗੇ/ਪੇਂਟ ਕਰਨਗੇ ਅਤੇ ਉਸ ਭਾਸ਼ਾ ਵਿੱਚ ਢੁਕਵੀਂ ਸੁਰਖੀਆਂ ਲਗਾਉਣਗੇ ਜੋ ਮੁੱਖ ਤੌਰ 'ਤੇ ਉਸ ਰਾਜ ਵਿੱਚ ਬੋਲੀ ਜਾਂਦੀ ਹੈ।
5. ਵਿਦਿਆਰਥੀਆਂ ਨੂੰ ਕਠਪੁਤਲੀ ਦਿਖਾਵੇ ਲਈ ਕਠਪੁਤਲੀ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਕਠਪੁਤਲੀ ਦਿਖਾਵੇ ਵਿੱਚ ਦੋ ਕਿਸਮਾਂ ਦੀਆਂ ਕਠਪੁਤਲੀਆਂ ਹੋਣਗੀਆਂ, ਇੱਕ ਉਹ ਭਾਸ਼ਾ ਬੋਲੇਗੀ ਜਿਸ ਨਾਲ ਵਿਦਿਆਰਥੀ ਜਾਣੂ ਹਨ ਅਤੇ ਦੂਜੀ ਕਠਪੁਤਲੀ ਉਹ ਭਾਸ਼ਾ ਬੋਲੇਗੀ ਜੋ ਅਧਿਆਪਕ ਦੁਆਰਾ ਚੁਣੀ ਗਈ ਹੈ। ਇਹ ਗਤੀਵਿਧੀ ਸਮੂਹਾਂ ਵਿੱਚ ਕੀਤੀ ਜਾ ਸਕਦੀ ਹੈ ਅਤੇ ਕਠਪੁਤਲੀ ਪ੍ਰਦਰਸ਼ਨ ਕਲਾਸ ਵਿੱਚ ਜਾਂ ਅਸੈਂਬਲੀ ਦੌਰਾਨ ਪ੍ਰਦਰਸ਼ਿਤ ਕੀਤੇ ਜਾ ਸਕਦੇ ਹਨ।

## ਦਸਵਾਂ ਹਫ਼ਤਾ

ਮੇਰੇ ਸੋਚ ਅਤੇ ਵਿਚਾਰ

1. ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੇ ਯੋਗ ਬਣਾਉਣ ਵਿੱਚ ਅਧਿਆਪਕਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਵੰਡਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਵਿਸ਼ੇ 'ਤੇ ਇੱਕ ਪੇਸ਼ਕਾਰੀ ਤਿਆਰ ਕਰਨ ਲਈ ਕਿਹਾ ਜਾਵੇਗਾ - 'ਮੈਂ ------ਆਪਣਾ ਦਿਨ ਕਿਵੇਂ ਬਿਤਾਇਆ (ਅਧਿਆਪਕ ਦੁਆਰਾ ਦਿੱਤੇ ਗਏ ਰਾਜ ਦਾ ਨਾਮ)। ਵਿਦਿਆਰਥੀ ਉਸ ਖਾਸ ਰਾਜ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਵਰਤੋਂ ਕਰਕੇ ਇਹ ਪੇਸ਼ਕਾਰੀ ਕਰਨਗੇ।
2. ਅਧਿਆਪਕ ਵਿਦਿਆਰਥੀਆਂ ਨੂੰ ਘੱਟੋ-ਘੱਟ ਤਿੰਨ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਸ਼ਬਦ ਲਿਖਣ ਲਈ ਕਹੇਗਾ। ਵਿਦਿਆਰਥੀਆਂ ਨੂੰ ਇਨ੍ਹਾਂ ਸ਼ਬਦਾਂ ਨੂੰ ਲਿਖਦੇ ਸਮੇਂ ਕੈਲੀਗ੍ਰਾਫੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।
3. ਵਿਦਿਆਰਥੀਆਂ ਨੂੰ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਰਹਿਣ ਵਾਲੇ ਦੋਸਤਾਂ ਨੂੰ ਭਾਰਤੀ ਭਾਸ਼ਾਵਾਂ ਵਿੱਚ ਪੱਤਰ ਲਿਖਣ ਲਈ ਉਤਸ਼ਾਹਿਤ ਕੀਤਾ ਜਾਵੇਗਾ।
4. ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਵੰਡਿਆ ਜਾਵੇਗਾ ਅਤੇ ਉਹ ਇੱਕ ਭੂਮਿਕਾ ਨਿਭਾਉਣਗੇ। ਹਰੇਕ ਸਮੂਹ ਭਾਰਤ ਦੇ ਇੱਕ ਰਾਜ ਦੀ ਨੁਮਾਇੰਦਗੀ ਕਰੇਗਾ। ਸਮੂਹ ਦੇ ਮੈਂਬਰ ਬਹੁ-ਭਾਸ਼ਾਈ ਦੀ ਵਰਤੋਂ ਕਰਦਿਆਂ, ਇੱਕ ਇਤਹਾਸਿਕ ਘਟਨਾ/ ਉਸ ਰਾਜ ਦੇ ਇੱਕ ਮਹੱਤਵਪੂਰਨ ਵਿਅਕਤੀ ਦੀ ਯਾਦਗਾਰ/ ਅਧਿਐਨ ਦਾ ਵਰਣਨ ਕਰਨਗੇ।

5. ਵਿਦਿਆਰਥੀਆਂ ਨੂੰ "ਮੇਰਾ ਦੇਸ਼, ਮੇਰਾ ਗੌਰਵ"ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ ਜਾਵੇਗਾ।
6. ਹਰ ਕਲਾਸ ਬਲੈਕਬੋਰਡ ਜਾਂ ਡਿਸਪਲੇ ਬੋਰਡ 'ਤੇ ਭਾਰਤ ਦੀ ਰੂਪਰੇਖਾ ਸਕੈਚ ਤਿਆਰ ਕਰੇਗੀ। ਵਿਦਿਆਰਥੀ ਵੱਖ-ਵੱਖ ਭਾਸ਼ਾਵਾਂ ਵਿੱਚ ਸ਼ੁਭਕਾਮਨਾਵਾਂ ਲਿਖਣ ਲਈ ਕੈਲੀਗ੍ਰਾਫੀ ਦੀ ਵਰਤੋਂ ਕਰਨਗੇ।

## ਗਿਆਰਵਾਂ ਹਫ਼ਤਾ

### ਪੜ੍ਹਨਾ ਅਤੇ ਪ੍ਰਗਟਾਅ

- ਬਹੁਭਾਸ਼ੀ ਕਿਤਾਬਾਂ ਨੂੰ ਉੱਚੀ ਆਵਾਜ਼ ਵਿੱਚ ਪੜ੍ਹਨਾ।
- ਸਕ੍ਰਿਪਟਾਂ ਨਾਲ ਜਾਣ-ਪਛਾਣ ਵਿਕਸਿਤ ਕਰਨਾ।
- ਵੱਖ-ਵੱਖ ਭਾਸ਼ਾਵਾਂ ਵਿੱਚ ਛੋਟੇ ਵਾਕਾਂ ਨੂੰ ਲਿਖਣਾ।
- ਰਾਸ਼ਟਰੀ ਪੁਰਸਕਾਰ ਜੇਤੂ ਫਿਲਮਾਂ ਨੂੰ ਸੁਰਖੀਆਂ ਨਾਲ ਵੇਖਣਾ ਅਤੇ ਕਹਾਣੀ / ਵਿਚਾਰ ਸੁਣਾਉਣਾ।
- ਕਲਾਸੀਕਲ ਭਾਸ਼ਾਵਾਂ ਦੀ ਲਿਪੀ ਅਤੇ ਸਮੱਗਰੀ ਨਾਲ ਜਾਣ-ਪਛਾਣ ਵਿਕਸਿਤ ਕਰਨਾ।

## ਬਾਰ੍ਹਵਾਂ ਹਫ਼ਤਾ

### ਸ਼੍ਰੀ ਸੁਬਰਾਮਣਿਆ ਭਾਰਤੀ ਬਾਰੇ।

- ਉਸ ਦੀ ਮੂਲ ਕਵਿਤਾ ਅਤੇ ਅਨੁਵਾਦ ਪੜ੍ਹਨਾ।
- ਕਵੀ ਅਤੇ ਦਾਰਸ਼ਨਿਕ ਦੇ ਰੂਪ ਵਿੱਚ ਸੁਬਰਾਮਣੀਅਮ ਭਾਰਤੀ ਬਾਰੇ ਪੜ੍ਹਨਾ ਅਤੇ ਲਿਖਣਾ।
- ਫਿਲਮ ਅਤੇ ਦਸਤਾਵੇਜ਼ੀ ਸ਼ੋਅ ਦਾ ਆਯੋਜਨ ਕਰਨਾ।
- ਵਿਦਵਾਨਾਂ ਨੂੰ ਸੱਦਾ ਦੇਣਾ ਅਤੇ ਵੱਖ-ਵੱਖ ਭਾਸ਼ਾਵਾਂ ਵਿੱਚ ਪ੍ਰੋਗਰਾਮ ਦੀ ਤਿਆਰੀ ਕਰਨਾ।
- ਕਵੀ ਦੀ ਭਾਸ਼ਾ ਵਿੱਚ 20 ਵਾਕਾਂ ਨੂੰ ਸਿੱਖਣਾ।